# Peel District School Board (ਪੀਲ ਡਿਸਟ੍ਰਿਕਟ ਸਕੂਲ ਬੋਰਡ) ਵਿੱਚ ਵਿਸ਼ੇਸ਼ ਸਿੱਖਿਆ: Individual Education Plans (IEP) ਸਿੱਖਿਆ ਦੀਆਂ ਵਿਅਕਤੀਗਤ ਵਿਉਂਤਾਂ (ਆਈ.ਈ.ਪੀ.):

## ਮਾਪਿਆਂ ਲਈ ਇੱਕ ਗਾਈਡ

### Individual Education Plan (ਵਿਅਕਤੀਗਤ ਐਜੂਕੇਸ਼ਨ ਵਿਉਂਤ) ਕੀ ਹੁੰਦੀ ਹੈ?

ਇਹ ਵਿਉਂਤ Peel District School Board (ਪੀਲ ਡਿਸਟ੍ਰਿਕਟ ਸਕੂਲ ਬੋਰਡ) ਵੱਲੋਂ ਤੁਹਾਡੇ ਬੱਚੇ ਦੀ ਸਿੱਖਿਆ ਦੀ ਹਿਮਾਇਤ ਕਰਨ ਦਾ ਇੱਕ ਤਰੀਕਾ ਹੈ। ਅਸੀਂ ਤੁਹਾਡੇ ਬੱਚੇ ਦੀਆਂ ਦਿਲਚਸਪੀਆਂ, ਮਜ਼ਬੂਤ ਪੱਖਾਂ, ਲੋੜਾਂ ਅਤੇ ਨਿਸ਼ਾਨਿਆਂ ਨੂੰ ਜਾਣਨਾ ਚਾਹੁੰਦੇ ਹਾਂ। ਕਿਸੇ ਵੀ ਬੱਚੇ ਬਾਰੇ ਇਹ ਗੱਲਾਂ ਜਾਣਨਾ ਸਾਡੇ ਲਈ ਅਹਿਮ ਹੁੰਦਾ ਹੈ। ਸਿੱਖਿਆ ਦੀਆਂ ਖਾਸ ਲੋੜਾਂ ਵਾਲੇ ਬੱਚਿਆਂ ਲਈ ਇਹ ਜਾਣਕਾਰੀ Individual Education Plan (ਸਿੱਖਿਆ ਦੀ ਵਿਅਕਤੀਗਤ ਵਿਉਂਤ) ਵਿੱਚ ਦਰਜ ਹੁੰਦੀ ਹੈ। ਇਹ ਵਿਉਂਤ ਸਾਨੂੰ ਸਿੱਖਿਆ ਦੇ ਖਾਸ ਅਜਿਹੇ ਪ੍ਰੋਗਰਾਮ ਜਾਂ ਸੇਵਾਵਾਂ ਪੇਸ਼ ਕਰਨ ਵਿੱਚ ਮਦਦ ਦਿੰਦੀ ਹੈ ਜਿਹੜੇ ਤੁਹਾਡੇ ਬੱਚੇ ਨੂੰ ਕਾਮਯਾਬ ਹੋਣ ਲਈ ਲੋੜੀਂਦੇ ਹੋਣ।

### ਵਿਉਂਤ ਕਿਵੇਂ ਉਲੀਕੀ ਜਾਂਦੀ ਹੈ?

ਤੁਹਾਡੇ ਬੱਚੇ ਦੇ ਸਕੂਲ ਵਿਚਲੀ ਵਿਸ਼ੇਸ਼ ਸਿੱਖਿਆ ਨਾਲ ਸੰਬੰਧਤ ਟੀਮ ਹੇਠ ਲਿਖਿਆਂ ਦੀ ਮਦਦ ਨਾਲ ਇਹ ਵਿਉਂਤ ਉਲੀਕਦੀ ਹੈ:

- ਤੁਹਾਡੇ ਬੱਚੇ ਦੇ ਅਧਿਆਪਕ।
- ਗਾਈਡੈਂਸ ਕੌਂਸਲਰ, ਵਿਸ਼ੇਸ਼ ਸਿੱਖਿਆ ਨਾਲ ਸੰਬੰਧਤ ਕਰਮਚਾਰੀ ਜਿਹੜੇ ਪਹਿਲਾਂ ਇਸ ਕਾਰਵਾਈ ਵਿੱਚ ਲੱਗੇ ਰਹੇ ਹੋਣ, ਪ੍ਰਿੰਸੀਪਲ, ਅਤੇ ਕਮਿਉਨਿਟੀ ਅਦਾਰਿਆਂ ਜਾਂ ਕਾਰਜਾਂ ਨਾਲ ਸੰਬੰਧਤ ਕਰਮਚਾਰੀਆਂ ਵਰਗੇ ਮਾਹਿਰ।
- ਪਹਿਲੀ Individual Education Plan (IEP), (ਵਿਅਕਤੀਗਤ ਸਿੱਖਿਆ ਵਿਉਂਤ) (ਆਈ.ਈ.ਪੀ.), ਤੁਹਾਡੇ ਬੱਚੇ ਦਾ Ontario Student Record (ਓਨਟੇਰੀਓ ਸਟੂਡੈਂਟ ਰਿਕਾਰਡ), ਜਾਂ ਜਾਇਜ਼ੇ (ਜਿਵੇਂ ਤੁਹਾਡੇ ਬੱਚੇ ਦੀ ਸਿੱਖਿਆ, ਸਿਹਤ ਜਾਂ ਵਤੀਰੇ ਬਾਰੇ) ਵਰਗੀ ਹੋਰ ਜਾਣਕਾਰੀ।
- ਤੁਹਾਡਾ ਪਰਿਵਾਰ। ਇੱਕ ਮਾਪੇ ਦੇ ਤੌਰ ’ਤੇ ਸਭ ਤੋਂ ਚੰਗੀ ਵਿਉਂਤ ਉਲੀਕਣ ਵਿੱਚ ਤੁਸੀਂ ਇੱਕ ਅਹਿਮ ਫਰਜ਼ ਅਦਾ ਕਰਦੇ ਹੋ। ਤੁਹਾਡੇ ਵੱਲੋਂ ਦਿੱਤੀ ਜਾਣਕਾਰੀ ਨਾਲ ਸਕੂਲ ਨੂੰ ਤੁਹਾਡੇ ਬੱਚੇ ਦੀ ਸ਼ਖਸ਼ੀਅਤ, ਵਿਕਾਸ, ਸਿੱਖਿਆ ਅਤੇ ਤਰਜੀਹਾਂ ਬਾਰੇ ਸਮਝਣ ਵਿੱਚ ਮਦਦ ਮਿਲਦੀ ਹੈ। ਹੋ ਸਕਦਾ ਹੈ ਵਿਉਂਤ ਉਲੀਕਣ ਵਿੱਚ ਤੁਹਾਡੇ ਬੱਚੇ ਨੂੰ ਵੀ ਸ਼ਾਮਲ ਕੀਤਾ ਜਾਵੇ (ਅਤੇ 16 ਸਾਲ ਦਾ ਹੋਣ ’ਤੇ ਉਸਦੀ ਰਾਇ ਲਈ ਜਾਣ ਦਾ ਉਸਦਾ ਹੱਕ ਹੋ ਜਾਂਦਾ ਹੈ)। ਜਦੋਂ ਵਿਦਿਆਰਥੀ ਵਿੱਦਿਅਕ ਨਿਸ਼ਾਨੇ ਤੈਅ ਕਰਨ ਵਰਗੀ ਕਿਸੇ ਕਾਰਵਾਈ ਦਾ ਹਿੱਸਾ ਹੋਣ, ਆਮ ਤੌਰ ’ਤੇ ਆਪਣੀ ਸਿੱਖਿਆ ਵਿੱਚ ਉਹ ਵਧੇਰੇ ਜ਼ਿੰਮੇਵਾਰੀ ਚੁੱਕਦੇ ਹਨ।

ਇਹ ਵਿਉਂਤ ਤੁਹਾਡੇ ਬੱਚੇ ਵੱਲੋਂ ਵਿਸ਼ੇਸ਼ ਸਿੱਖਿਆ ਹਾਸਲ ਕਰਨਾ ਸ਼ੁਰੂ ਕਰਨ ਦੇ 30 ਦਿਨ ਦੇ ਵਿੱਚ-ਵਿੱਚ ਲਾਜ਼ਮੀ ਸਿਰਜਣੀ ਪੈਂਦੀ ਹੈ। ਵਿਉਂਤ ਦੀ ਇੱਕ ਨਕਲ ਤੁਹਾਨੂੰ ਮਿਲੇਗੀ, ਅਤੇ ਇੱਕ ਤੁਹਾਡੇ ਬੱਚੇ ਦੇ Ontario Student Record (ਓਨਟੇਰੀਓ ਸਟੂਡੈਂਟ ਰਿਕਾਰਡ) ਵਿੱਚ ਲਾਈ ਜਾਵੇਗੀ।

## ਵਿਉਂਤ ਵਿੱਚ ਕੀ ਸ਼ਾਮਲ ਹੁੰਦਾ ਹੈ?

ਅਧਿਆਪਕ ਅਤੇ ਸਹਾਇਕ ਕਰਮਚਾਰੀ ਇਸ ਵਿਉਂਤ ਦੀ ਵਰਤੋਂ ਤੁਹਾਡੇ ਬੱਚੇ ਦੀਆਂ ਲੋੜਾਂ ਦੀ ਪੂਰਤੀ ਵਿੱਚ, ਅਤੇ ਉਸਦੀ ਕਾਰਗੁਜ਼ਾਰੀ 'ਤੇ ਨਿਗਰਾਨੀ ਰੱਖਣ ਵਿੱਚ ਮਦਦ ਲਈ ਕਰਦੇ ਹਨ। ਇਸ ਵਿਉਂਤ ਵਿੱਚ ਹੇਠ ਲਿਖੀ ਜਾਣਕਾਰੀ ਸ਼ਾਮਲ ਹੁੰਦੀ ਹੈ:

- ਵਿਸ਼ਿਸ਼ਟਤਾ ਅਤੇ ਜਗ੍ਹਾ ਦੀ ਵਿਉਂਤ ਕਰਨਾ
- ਤੁਹਾਡੇ ਬੱਚੇ ਦੀਆਂ ਸਿੱਖਣ ਦੀਆਂ ਲੋੜਾਂ, ਹੁਨਰ, ਸਿੱਖਣ-ਸ਼ੈਲੀਆਂ ਅਤੇ ਜਾਇਜ਼ੇ।
- ਉਹ ਵਿਸ਼ੇ, ਕੋਰਸ ਜਾਂ ਪ੍ਰੋਗਰਾਮ ਜਿਨ੍ਹਾਂ ਲਈ ਤੁਹਾਡਾ ਬੱਚਾ ਵਿਸ਼ੇਸ਼ ਸਿਖਲਾਈ, ਹਿਮਾਇਤ ਅਤੇ/ਜਾਂ ਸਹੂਲਤਾਂ ਹਾਸਲ ਕਰ ਰਿਹਾ ਹੈ।
- ਤੁਹਾਡੇ ਬੱਚੇ ਦੀ ਮਦਦ ਲਈ ਲੋੜੀਂਦੀ ਹਿਮਾਇਤ ਅਤੇ ਨੀਤੀਆਂ ਦੀਆਂ ਕਿਸਮਾਂ।
- ਨਿਸ਼ਾਨੇ ਅਤੇ ਉਮੀਦਾਂ ਜਿਨ੍ਹਾਂ ਤੋਂ ਸਾਨੂੰ ਪਤਾ ਲੱਗੇ ਕਿ ਤੁਹਾਡਾ ਬੱਚਾ ਕੀ ਹਾਸਲ ਕਰਨ ਦੇ ਲਾਇਕ ਹੈ, ਅਤੇ ਜਿਨ੍ਹਾਂ ਦੀ ਮਦਦ ਨਾਲ ਸਾਰਾ ਸਾਲ ਅਸੀਂ ਉਸਦੀ ਸਿੱਖਿਆ ਮਾਪਦੇ ਰਹਾਂਗੇ।
- 14 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬੱਚਿਆਂ ਲਈ ਇੱਕ ਵਿਉਂਤ, ਤਾਂ ਜੋ ਉਹ ਆਪਣੇ ਜੀਵਨ ਦੇ ਅਗਲੇ ਪੜਾਅ – ਜਿਵੇਂ ਹਾਈ ਸਕੂਲ, ਹੋਰ ਪੜ੍ਹਾਈ, ਰੁਜ਼ਗਾਰ-ਸਥਲ ਜਾਂ ਕਮਿਊਨਿਟੀ ਵਿੱਚ ਵਸਣ – ਲਈ ਢਲ਼ ਸਕਣ।

ਬਹੁਤੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਰਿਪੋਰਟ ਕਾਰਡ ਉੱਤੇ ਦਰਜ ਕੀਤੀ ਜਾਵੇਗੀ। ਤੁਹਾਡੇ ਬੱਚੇ ਦੇ ਪ੍ਰੋਗਰਾਮ ਉੱਤੇ ਨਿਰਭਰ ਕਰਦਿਆਂ ਹੋ ਸਕਦਾ ਹੈ ਤੁਸੀਂ ਕਾਰਗੁਜ਼ਾਰੀ Individual Education Plan (ਸਿੱਖਿਆ ਦੀ ਵਿਅਕਤੀਗਤ ਵਿਉਂਤ) ਉੱਤੇ ਵੀ ਦਰਜ ਹੋਵੇ।

## ਕੀ ਵਿਉਂਤ ਬਦਲ ਵੀ ਸਕਦੀ ਹੈ?

ਸਾਰਾ ਸਾਲ ਤੁਹਾਡੇ ਬੱਚੇ ਦੇ ਅਧਿਆਪਕ ਸਿੱਖਿਆ ਦੀਆਂ ਕਾਮਯਾਬ ਨੀਤੀਆਂ ਸਿੱਖਿਆ ਦੀ ਵਿਉਂਤ ਵਿੱਚ ਦਰਜ ਕਰਦੇ ਰਹਿਣਗੇ, ਅਤੇ ਇਨ੍ਹਾਂ ਨੀਤੀਆਂ ਨੂੰ ਸੋਧ ਵੀ ਸਕਣਗੇ। ਇਹ ਸਾਰਾ ਚਲਦੀ ਕਾਰਵਾਈ ਦਾ ਹਿੱਸਾ ਹੁੰਦਾ ਹੈ।

ਵਿਉਂਤ ਇੱਕ ਸਾਲ ਲਈ ਨਿਸ਼ਾਨੇ ਤੈਅ ਕਰਦੀ ਹੈ ਅਤੇ ਅਸੀਂ ਇਸ ਨੂੰ ਸਾਲਾਨਾ ਪੱਧਰ 'ਤੇ ਬਾਕਾਇਦਾ ਪੜਚੋਲਦੇ ਅਤੇ ਸੋਧਦੇ ਹਾਂ। ਇਸ ਤੋਂ ਇਲਾਵਾ ਸਕੂਲ ਵੱਲੋਂ ਸਾਰਾ ਸਾਲ ਤੁਹਾਡੇ ਬੱਚੇ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲਿਆ ਜਾਂਦਾ ਹੈ। ਅਸੀਂ ਲੋੜ ਮੁਤਾਬਕ ਤਬਦੀਲੀਆਂ ਕਰਦੇ ਹਾਂ, ਜਿਵੇਂ ਜੇ ਤੁਹਾਡੇ ਬੱਚੇ ਦੀ ਸਿੱਖਿਆ ਉਮੀਦ ਨਾਲੋਂ ਚੰਗੀ ਚੱਲਣ ਲੱਗੇ ਜਾਂ ਸੁਸਤ ਹੋ ਜਾਵੇ ਤਾਂ ਨਵੇਂ ਨਿਸ਼ਾਨੇ ਤੈਅ ਕੀਤੇ ਜਾਂਦੇ ਹਨ।

## ਵਧੇਰੇ ਜਾਣਕਾਰੀ ਤੁਹਾਨੂੰ ਕਿੱਥੋਂ ਮਿਲ ਸਕਦੀ ਹੈ?

Individual Education Plan (ਸਿੱਖਿਆ ਦੀ ਵਿਅਕਤੀਗਤ ਵਿਉਂਤ ਬਾਰੇ) ਵਧੇਰੇ ਜਾਣਨ ਲਈ ਮਿਹਰਬਾਨੀ ਕਰ ਕੇ:

- ਆਪਣੇ ਬੱਚੇ ਦੇ ਅਧਿਆਪਕ ਜਾਂ ਪ੍ਰਿੰਸੀਪਲ ਨਾਲ ਗੱਲ ਕਰੋ।
- ਆਪਣੇ ਬੱਚੇ ਦੇ ਸਕੂਲ ਵਿਖੇ ਵਿਸ਼ੇਸ਼ ਸਿੱਖਿਆ ਨਾਲ ਸੰਬੰਧਤ ਅਧਿਆਪਕ ਨਾਲ ਸੰਪਰਕ ਕਰੋ।
- Peel District School Board (ਪੀਲ ਡਿਸਟ੍ਰਿਕਟ ਸਕੂਲ ਬੋਰਡ) ਦੀ ਵੈੱਬਸਾਈਟ www.peelschools.org/speced (ਲਿੰਕ ਅੰਗਰੇਜ਼ੀ ਵਿੱਚ ਖੁੱਲ੍ਹੇਗਾ) ਵੇਖੋ।
- Ontario Ministry of Education (ਓਨਟੇਰੀਓ ਮਨਿਸਟਰੀ ਆਫ਼ ਐਜੂਕੇਸ਼ਨ) ਦੀ ਵੈੱਬਸਾਈਟ www.edu.gov.on.ca ਖੋਲ੍ਹੋ, elementary and secondary education ਉੱਤੇ ਕਲਿੱਕ ਕਰੋ, ਅਤੇ ਉਸ ਤੋਂ ਬਾਅਦ special education ਦੇ ਲਿੰਕ ਖੋਲ੍ਹੋ।
- Peel District School Board (ਪੀਲ ਡਿਸਟ੍ਰਿਕਟ ਸਕੂਲ ਬੋਰਡ) ਨਾਲ 905-890-1099 ਜਾਂ 1-800-668-1146, ਐਕਸਟੈਂਸ਼ਨ 2345 'ਤੇ ਸੰਪਰਕ ਕਰੋ।